# ਧਾਰਮਕ ਇੰਤਹਾ ਪਸੰਦੀ ਕਿਸੇ ਵੀ ਦੇਸ਼ ਲਈ ਖ਼ਤਰਨਾਕ ਹੈ

**ਸੰਪਾਦਕ**

**ਮਨਸੂਬਾ ਬੰਦੀ ਕਮੇਟੀ**
**ਪ੍ਰਚਾਰ ਤੇ ਪ੍ਰਸਾਰ ਵਿਭਾਗ ਸਦਰ ਅੰਜੁਮਨ ਅਹਮਦੀਆ ਕਾਦੀਆਂ**

**ਅਨੁਵਾਦਕ**

ਗਿਆਨੀ ਸ਼ਮਸ਼ਾਦ ਅਹਮਦ ਅਦਨ

**ਪ੍ਰਕਾਸ਼ਕ**

**ਨਸ਼ਰੋ ਇਸ਼ਾਅਤ ਸਦਰ ਅੰਜੁਮਨ ਅਹਮਦੀਆ ਕਾਦੀਆਂ-143516**
**ਪੰਜਾਬ (ਭਾਰਤ)**

ਧਰਮ ਦਾ ਸੰਬੰਧ ਰੱਬ ਦੀ ਬੰਦਗੀ ਅਤੇ ਬੰਦਿਆਂ ਦਾ ਪ੍ਰਸਪਰ ਪ੍ਰੇਮ ਦੇ ਸੰਬੰਧ ਨਾਲ ਹੈ ਅਤੇ ਜੱਦ ਤੋਂ ਇਹ ਦੁਨੀਆ ਬਣੀ ਹੈ ਰੱਬ ਨੇ ਆਪਣੇ ਨਬੀਆਂ ਰਾਹੀਂ ਧਰਮ ਦੀ ਇਹੋ ਹਕੀਕਤ ਦੱਸੀ ਹੈ ਪਰ ਇਤਿਹਾਸ ਦਾ ਇਹ ਵੀ ਇਕ ਕੌੜਾ ਸੱਚ ਹੈ ਕਿ ਅਰੰਭ ਤੋਂ ਹੀ ਕੁਝ ਮਫ਼ਾਦ ਪ੍ਰਸਤ (ਸਵਾਰਥੀ) ਧਰਮ ਨੂੰ ਦੁਨੀਆ ਦੀ ਲਾਲਚ ਲਈ ਵਰਤਦੇ ਚਲੇ ਆਏ ਹਨ । ਅਤੇ ਆਪਣੇ ਇਸ ਮਫ਼ਾਦ (ਲਾਭ) ਲਈ ਉਹ ਹਮੇਸ਼ਾਂ ਧਰਮ ਨੂੰ ਜਾਤੀ ਪੱਖਪਾਤ ਤੇ ਇੰਤਹਾ ਪਸੰਦੀ ਦਾ ਸਾਧਨ ਬਣਾਉਂਦੇ ਰਹੇ ਹਨ ਅਤੇ ਅਜਿਹਾ ਹਰ ਜੁੱਗ ਵਿੱਚ ਹੋਇਆ ਹੈ । ਅਜਿਹਾ ਯਿਸੂ ਮਸੀਹ ਦੇ ਆਉਣ ਉਪੱਰ ਵੀ ਹੋਇਆ ਜੱਦ ਕਿ ਯਹੂਦੀ ਵਿਦਵਾਨਾ ਨੇ ਆਪਣੀ ਧਾਰਮਕ ਸੱਤਾ ਨੂੰ ਬਣਾਈ ਰਖੱਣ ਲਈ ਉਸ ਸਮੇਂ ਦੀ ਸਰਕਾਰ ਨੂੰ ਵੀ ਆਪਣੇ ਨਾਲ ਰਲਾਕੇ ਯਿਸੂ ਮਸੀਹ ਅਤੇ ਉਹਨਾਂ ਦੇ ਮਨਣ ਵਾਲਿਆਂ ਨੂੰ ਭਾਂਤ ਭਾਂਤ ਦੇ ਦੁੱਖ ਦਿੱਤੇ । ਉਹਨਾਂ ਨੂੰ ਤੰਗ ਕੀਤਾ, ਜੀਉਣਾ ਔਖਾ ਕਰ ਦਿੱਤਾ । ਉਹਨਾਂ ਦਾ ਬਾਈਕਾਟ ਕੀਤਾ । ਉਹਨਾਂ'ਤੇ ਧਾਰਮਕ ਰੀਤੀਆਂ ਪੂਰੀਆਂ ਕਰਨ ਉਪੱਰ ਪਾਬੰਦੀਆਂ ਲਾਈਆਂ ਗਈਆਂ । ਇੱਥੋਂ ਤੱਕ ਕਿ ਯਿਸੂ ਮਸੀਹ ਨੂੰ ਕਤਲ ਕਰਨ ਦੀਆਂ ਸਾਜ਼ਸ਼ਾਂ ਰੱਚੀਆਂ । ਫਿਰ ਜੱਦ ਈਸਾਈ ਤਾਕਤਵਰ ਹੋ ਗਏ ਤਾਂ ਫਿਰ ਉਹਨਾਂ ਨੇ ਵੀ ਯਹੂਦੀਆਂ ਨਾਲ ਉਹੋ ਇਤਿਹਾਸ ਦੁਹਰਾਇਆ ਜੋ ਯਹੂਦੀਆਂ ਨੇ ਈਸਾਈਆਂ ਨਾਲ ਕੀਤਾ ਸੀ । ਇਹੋ ਹਾਲ ਭਾਰਤ ਵਿੱਚ ਜੈਨੀਆਂ ਤੇ ਬੁੱਧਾਂ ਦੇ ਨਾਲ ਹੋਇਆ ਕਿ ਜੱਦ ਜੈਨ ਮੁਨੀ ਜੀ ਮਹਾਰਾਜ ਆਏ ਅਤੇ ਗੌਤਮ ਬੁੱਧ ਮਹਾਰਾਜ ਨੇ ਆਪਣੀ ਰੂਹਾਨੀ ਸਿੱਖਿਆਵਾਂ ਨੂੰ ਦੁਨੀਆ ਦੇ ਸਾਹਮਣੇ ਰੱਖਿਆ ਤਾਂ ਉਸ ਸਮੇਂ ਦੇ ਪੰਡਿਤਾਂ ਨੇ ਉਹਨਾਂ ਮਾਸੂਮ ਲੋਕਾਂ ਨੂੰ ਬੁਰਾ ਭਲਾ ਕਿਹਾ ਅਤੇ ਗਾਲ੍ਹਾਂ ਕੱਢੀਆਂ ਰੱਬ ਦੀ ਇਸ ਧਰਤੀ ਉਪੱਰ ਉਹਨਾਂ ਦਾ ਜੀਉਣਾ ਔਖਾ ਕਰ ਦਿੱਤਾ । ਮੁਸਲਮਾਨਾਂ ਵਿੱਚ ਵੀ ਇਹੋ ਵਤੀਰਾ ਵਰਤਿਆ ਗਿਆ । ਜੱਦ ਵੀ ਕੋਈ ਮੁਸਲਿਮ ਫ਼ਿਰਕਾ ਹਕੂਮਤ ਵਿੱਚ ਆਇਆ ਤਾਂ ਉਸ ਨੇ ਹੋਰਨਾਂ ਫ਼ਿਰਕਿਆਂ ਨੂੰ ਨੀਵਾਂ ਦਿਖਾਉਣ ਲਈ ਤੇ ਬਾਦਸ਼ਾਹਾਂ ਦੀ ਨੇੜਤਾ ਪ੍ਰਾਪਤ ਕਰਨ ਲਈ ਕਮਜ਼ੋਰ ਫ਼ਿਰਕਿਆਂ ਦੇ ਲੋਕਾਂ ਨੂੰ ਤੰਗ ਕਰਦਾ ਰਿਹਾ ਅਤੇ ਉਹਨਾਂ ਦੇ ਮਨੁੱਖੀ ਹਕਾਂ ਨਾਲ ਖਿਲਵਾੜ ਕਰਦਾ ਰਿਹਾ ਇਹੋ ਹਾਲ ਹੁਣ ਤੱਕ ਚਲਾ ਆ

ਰਿਹਾ ਹੈ । ਪਾਕਿਸਤਾਨ ਵਿੱਚ ਸੁੰਨੀ ਫ਼ਿਰਕੇ ਦੀ ਬਹੁਗਿਣਤੀ ਅੱਜ ਤੱਕ ਸ਼ੀਯਾ ਫ਼ਿਰਕੇ ਉਪੱਰ ਜ਼ੁਲਮ ਦੀ ਚੱਕੀ ਚਲਾ ਰਹੀ ਹੈ ਅਤੇ ਉਹਨਾਂ ਦੀਆਂ ਮੁਕੱਦਸ ਥਾਵਾਂ ਉਪੱਰ ਉਹਨਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ । ਇਸੇ ਪ੍ਰਕਾਰ ਵਹਾਬੀ ਅਤੇ ਦੇਵਬੰਦੀ ਫ਼ਿਰਕੇ ਦੇ ਲੋਕ ਜਿਨ੍ਹਾਂ ਵਿੱਚ ਤਾਲਬਾਨੀ ਵੀ ਹਨ ਬਰੇਲਵੀ ਫ਼ਿਰਕੇ ਦੀਆਂ ਮਿਜ਼ਾਰਾਂ ਉਪੱਰ ਖ਼ੂਨ ਦੀ ਹੋਲੀ ਖੇਡ ਰਹੇ ਹਨ । ਵਰਤਮਾਨ ਸਮੇਂ ਵਿੱਚ ਹੀ ਪਾਕਿਸਤਾਨ ਵਿੱਚ ਕਈ ਬਜ਼ੁਰਗ ਸੂਫ਼ੀਆਂ ਦੀਆਂ ਮਿਜ਼ਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ । ਜਿਸ ਦੇ ਸਿੱਟੇ ਵਿੱਚ ਉਹਨਾਂ ਦੇ ਮੁਕਦੱਸ ਮਿਜ਼ਾਰਾਂ'ਤੇ ਆਉਣ ਵਾਲੇ ਅਨੇਕਾਂ ਦਰਸ਼ਕਾਂ ਤੇ ਤੀਰਥ ਯਾਤਰੀ ਮੌਤ ਦੇ ਘਾਟ ਉਤਾਰੇ ਜਾਂਦੇ ਰਹੇ । ਇਹੋ ਹਾਲ ਪਾਕਿਸਤਾਨ ਵਿੱਚ ਅਹਮਦੀਆ ਜਮਾਤ ਦੇ ਲੋਕਾਂ ਦਾ ਵੀ ਹੋ ਰਿਹਾ ਹੈ । ਉਹਨਾਂ ਦੀਆਂ ਮਸਜਿਦਾਂ ਵਿੱਚ ਆਉਣ ਵਾਲੇ ਨਮਾਜ਼ੀਆਂ ਨੂੰ ਨਮਾਜ਼ ਅਦਾ ਕਰਨ ਦੀ ਅਵਸਥਾ ਵਿੱਚ ਗੋਲੀਆਂ ਨਾਲ ਭੁੰਨ ਦਿੱਤਾ ਗਿਆ । ਬੀਤੇ ਵਰ੍ਹਿਆਂ ਵਿੱਚ ਲਹੌਰ ਵਿੱਚ ਇਸ ਜਮਾਤ ਦੀਆਂ ਅਜਿਹੀਆਂ ਦੋ ਮਸਜਿਦਾਂ ਨੂੰ ਨਿਸ਼ਾਨਾਂ ਬਣਾਕੇ ਲਗਭਗ ਸੌ ਲੋਕਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ।

ਇਹ ਇਕ ਦੁੱਖ ਦੀ ਗੱਲ ਹੈ ਕਿ ਇਹਨੀ ਦਿਨੀਂ ਧਰਮ ਦੇ ਨਾਂ'ਤੇ ਖ਼ੂਨ ਕਰਨ ਵਿੱਚ ਹੋਰਨਾ ਧਰਮਾ ਦੇ ਟਾਕਰੇ ਵਿੱਚ ਮੁਸਲਮਾਨ ਕਿਤੇ ਅੱਗੇ ਹਨ । ਪਾਕਿਸਤਾਨ ਤੇ ਅਫ਼ਗਾਨਿਸਤਾਨ ਤਾਂ ਇਸ ਮਾਰਗ ਤੇ ਚਲ ਹੀ ਰਹੇ ਹਨ, ਹੁਣ ਬੰਗਲਾ ਦੇਸ਼ ਤੇ ਇੰਡੋਨੇਸ਼ੀਆ ਨੇ ਵੀ ਇਹੋ ਮਾਰਗ ਫੜ ਲਿਆ ਹੈ । ਕਿਉਂਕਿ ਭਾਰਤ ਪਾਕਿਸਤਾਨ ਦਾ ਗਵਾਂਢੀ ਦੇਸ਼ ਹੈ ਇਸ ਲਈ ਹੁਣ ਹੌਲੀ ਹੌਲੀ ਇਸ ਵਬਾ ਦੇ ਫੈਲਣ ਦੇ ਖ਼ਦਸ਼ੇ ਇੱਥੇ ਵੀ ਵਿਸ਼ੇਸ਼ ਕਰਕੇ ਸਰਹਦੀ ਖੇਤਰਾਂ ਵਿੱਚ ਮੰਡਲਾ ਰਹੇ ਹਨ । ਵਰਤਮਾਨ ਸਮੇਂ ਵਿੱਚ ਹੀ ਇਹਰਾਰੀ ਫ਼ਿਰਕੇ ਦੇ ਲੋਕਾਂ ਨੇ ਅਹਮਦੀਆ ਜਮਾਤ (ਜਿਸਨੂੰ ਉਹ ਕਾਦੀਆਨੀ ਕਹਿੰਦੇ ਹਨ) ਦੇ ਖ਼ਿਲਾਫ਼ ਭੜਕਾਉ ਭਾਸ਼ਣ ਦਿੱਤੇ ਹਨ ਅਤੇ ਉਹਨਾਂ ਦਾ ਬਾਈਕਾਟ ਕਰਨ ਅਤੇ ਖੁਲੱਮ ਖੁੱਲਾ ਕਤਲ ਕਰਨ ਦੀਆਂ ਧਮਕੀਆਂ ਦਿੱਤੀਆਂ ਹਨ, ਉਸਦੇ ਪਿੱਛੇ ਵੀ ਅਵਸ਼ ਹੀ ਧਾਰਮਕ ਇੰਤਹਾ ਪਸੰਦੀ ਦੀ ਵਿਚਾਰਧਾਰਾ ਕੰਮ ਕਰ ਰਹੀ ਹੈ । ਜਿਸ ਰਾਹੀਂ ਇੰਤਹਾ ਪਸੰਦ ਭਾਰਤ ਵਿੱਚ ਵੀ ਖ਼ਤਰਾ ਪੈਦਾ ਕਰ ਸਕਦੇ ਹਨ । ਉਸਾਮਾ ਬਿਨ ਲਾਦਿਨ ਦੀ ਮੌਤ ਮਗਰੋਂ ਤਾਂ ਇਸ ਗੱਲ ਦਾ ਹੋਰ ਵੀ ਖ਼ਤਰਾ ਵੱਧ ਗਿਆ ਹੈ ।

ਇਸ ਸਮੇਂ ਅਸੀਂ ਆਪਣੇ ਪਾਠਕਾਂ ਦਾ ਧਿਆਨ ਉਸ ਲਿਟ੍ਰੇਚਰ ਵੱਲ ਖਿੱਚਣਾ ਚਾਹੁੰਦੇ ਹਾਂ ਜੋ ਕਿ ਅਹਮਦੀਆ ਜਮਾਤ ਦੇ ਖ਼ਿਲਾਫ਼ ਪੰਜਾਬ ਹਰਿਆਣਾ ਅਤੇ ਯੂਪੀ ਦੇ ਖੇਤਰਾਂ ਵਿੱਚ ਫੈਲਾਇਆ ਜਾ ਰਿਹਾ ਹੈ । ਇਹ ਲਿਟ੍ਰੇਚਰ ਪਹਿਲਾਂ ਪਾਕਿਸਤਾਨ ਵਿੱਚ ਛੱਪਿਆ ਅਤੇ ਫਿਰ ਉੱਥੋਂ ਭਾਰਤ ਪਹੁੰਚਾਇਆ ਗਿਆ । ਜਿਸ ਨੂੰ ਦਾਰੁਲ ਉਲੂਮ ਦੇਵਬੰਦ ਨੇ ਇੱਥੇ ਪ੍ਰਕਾਸ਼ਤ ਕੀਤਾ । ਇਸ ਲਿਟ੍ਰੇਚਰ ਵਿੱਚ ਕਾਦੀਆਨੀ (ਅਹਮਦੀਆ) ਜਮਾਤ ਦੇ ਖ਼ਿਲਾਫ਼ ਮਨੁੱਖਤਾ ਤੋਂ ਪਰ੍ਹੇ ਹਟਕੇ ਗੱਲਾਂ ਕੀਤੀਆਂ ਗਈਆਂ ਹਨ ਅਤੇ ਇਸ ਦੇ ਨਾਲ ਹੀ ਗ਼ੈਰ ਮੁਸਲਮਾਨਾਂ ਲਈ ਘੱਟੀਆ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ । ਪਹਿਲਾਂ ਤਾਂ ਇਸ ਪੁਸਤਿਕਾ ਵਿੱਚ ਕਾਦੀਆਨੀ ਫ਼ਿਰਕੇ ਬਾਰੇ ਲਿੱਖਿਆ ਗਿਆ ਹੈ ਕਿ :-

"ਸਾਡੀ ਬਦ ਨਸੀਬੀ ਹੈ ਕਿ ਕਾਦੀਆਨੀ ਮੁਰਤਦ (ਧਰਮ ਤੋਂ ਫਿਰ ਜਾਣ ਵਾਲੇ), ਜ਼ਿੰਦੀਕ (ਕਾਫ਼ਰ, ਜੋ ਇਕ ਰੱਬ ਦੀ ਹੋਂਦ ਨ ਮਨਦਾ ਹੋਵੇ), ਗੁਸਤਾਖ਼ੇ ਰਸੂਲ, ਖ਼ਤਮੇ ਨਬੁੱਵਤ ਦੇ ਬਾਗ਼ੀ, ਕੁਰਆਨ ਮਜੀਦ ਵਿੱਚ ਹੇਰ ਫ਼ੇਰ ਕਰਨ ਵਾਲੇ ਮੁਜਰਮ, ਦੇਸ਼ ਦੇ ਗ਼ਦੱਾਰ ਅਤੇ ਯਹੂਦੀਆਂ ਤੇ ਈਸਾਈਆਂ ਦੇ ਅਹਿਲਕਾਰ ਹੁੰਦਿਆਂ ਹੋਇਆਂ ਵੀ ਰੱਬ ਦੀ ਧਰਤੀ'ਤੇ ਵੱਡੀ ਐਸ਼ ਵ ਇਸ਼ਰਤ ਅਤੇ ਮੌਜ ਮਸਤੀ ਨਾਲ ਜੀਉਂਦੇ ਹਨ ਅਤੇ ਆਪਣੀ ਦਜੱਾਲੀ (ਫ਼ਰੇਬੀ, ਅੰਤਮ ਜੁਗ ਵਿੱਚ ਪੈਦਾ ਹੋਣ ਵਾਲੇ ਮਸੀਹ ਦਾ ਮੁਖ਼ਾਲਫ਼ ਜਿਸਨੂੰ ਮਸੀਹ ਕਤਲ ਕਰੇਗਾ) ਭੇਸ ਵਿੱਚ ਮਨਹੂਸ (ਅਪਸ਼ਕੁਨੀ) ਸ਼ਕਲਾਂ ਲਈ ਇਸਲਾਮ ਤੇ ਇਸਲਾਮੀ ਕੌਮੀਅਤ ਦੇ ਖ਼ਿਲਾਫ਼ ਆਤੰਕੀ ਕਾਰਵਾਈਆਂ ਵਿੱਚ ਪੂਰੀ ਸ਼ਕਤੀ ਨਾਲ ਜੁਟੇ ਹੋਏ ਹਨ ।

ਅਫ਼ਸੋਸ ਸਦ ਅਫ਼ਸੋਸ ਉਹ ਜੁੰਡਲੀ (ਜਮਾਤ) ਜੋ ਮੁਰਤਦ ਹੈ ਜਿਸਨੂੰ ਮਿਲੀਆ ਮੇਟ ਹੋਣਾ ਸੀ, ਉਹ ਧੜਾ, ਉਹ ਫ਼ਰੇਬੀ ਤੇ ਕਾਫ਼ਰ ਜਿੰਨ੍ਹਾ ਨੇ ਔਕੜਾਂ ਦੀ ਸੂਲੀ ਉਪੱਰ ਝੂਲਣਾ ਸੀ, ਖ਼ਤਮੇ ਨਬੁੱਵਤ ਦੀ ਚੋਰ ਜਮਾਤ ਜਿਸਨੂੰ ਮਿੱਟੀ ਲਹੂ ਵਿੱਚ ਤੜਪਨਾ ਸੀ ਅਤੇ ਜਿਸਦਾ ਪੋਰਾ ਪੋਰਾ ਕੱਟਿਆ ਜਾਣਾ ਸੀ ਅੱਜ ਸਾਡੇ ਸਮਾਜ ਦਾ ਵੱਧਦਾ ਫੁਲਦਾ ਅੰਗ ਹੈ ।" (ਕਾਦੀਆਨੀ ਮਸਾਇਲ ਪੰਨਾ 1)

ਇਸੇ ਲੇਖ ਵਿੱਚ ਹੋਰਨਾ ਫ਼ਿਰਕਿਆਂ ਦੇ ਮੁਸਲਮਾਨਾਂ ਨੂੰ ਖੁੱਲਾ ਸੱਦਾ ਦਿੱਤਾ ਗਿਆ ਹੈ ਕਿ ਉਹ ਜਿਵੇਂ ਚਾਹੁਣ ਕਾਦੀਆਨੀ ਫ਼ਿਰਕੇ ਦੇ ਲੋਕਾਂ ਦਾ ਖ਼ੂਨ ਕਰਨ ਤੇ ਬੰਦ ਬੰਦ ਕੱਟਣ । ਇੱਥੇ ਇਹ ਗੱਲ ਵੀ ਵਰਨਣ ਯੋਗ ਹੈ ਕਿ ਉਹਨਾ

ਅਨੁਸਾਰ ਇਸਲਾਮ ਵਿੱਚ ਮੁਰਤਦ ਦਾ ਦੰਡ ਕਤਲ ਹੈ । ਮੁਰਤਦ ਉਸਨੂੰ ਕਹਿੰਦੇ ਹਨ ਜੋ ਇਕ ਵਾਰ ਇਸਲਾਮ ਕਬੂਲ ਕਰਕੇ ਉਸਨੂੰ ਤਿਆਗ ਦੇਵੇ । ਉਹਨਾ ਅਨੁਸਾਰ ਕਿਉਂਕਿ ਕਾਦੀਆਨੀ ਫ਼ਿਰਕੇ ਨੇ ਇਸਲਾਮ ਨੂੰ ਤਿਆਗ ਦਿੱਤਾ ਹੈ ਇਸ ਲਈ ਉਹਨਾਂ ਦਾ ਦੰਡ ਕਤਲ ਹੈ । ਅਜਿਹਾ ਹੀ ਕਾਫ਼ਰ ਦਾ ਦੰਡ ਵੀ ਕਤਲ ਦੱਸਿਆ ਜਾਂਦਾ ਹੈ । ਇਸ ਲਈ ਹਰ ਉਹ ਮਨੁੱਖ ਜੋ ਇਸਲਾਮ ਨੂੰ ਚੰਗਾ ਸਮਝਦਾ ਹੈ ਉਸਨੂੰ ਗ਼ੌਰ ਕਰ ਲੈਣਾ ਚਾਹੀਦਾ ਹੈ ਕਿ ਜੇਕਰ ਕਿਤੇ ਗਲਤੀ ਨਾਲ ਉਸਨੇ ਇਸਲਾਮ ਕਬੂਲ ਕਰ ਲਿਆ ਅਤੇ ਫਿਰ ਕਿਸੇ ਕਾਰਣ ਇਸਲਾਮ ਦੇ ਉਸੂਲ ਉਸਨੂੰ ਪਸੰਦ ਨਹੀਂ ਆਏ ਤਾਂ ਉਸਨੂੰ ਅਵਸ਼ ਹੀ ਮੌਤ ਦੇ ਘਾਟ ਉਤਾਰ ਦਿੱਤਾ ਜਾਏਗਾ

ਫਿਰ ਅੱਗੇ ਚਲਕੇ ਇਸ ਕਿਤਾਬ ਦੇ ਪੰਨਾ 17 ਤੇ ਪ੍ਰਸ਼ਨ ਉਤੱਰ ਦੇ ਰੂਪ ਵਿੱਚ ਲਿੱਖਿਆ ਹੈ ਕਿ :-

"ਪ੍ਰਸ਼ਨ : ਕੀ ਕਿਸੇ ਕਾਦੀਆਨੀ ਜਾਂ ਕਿਸੇ ਗ਼ੈਰ ਮੁਸਲਿਮ ਨਾਲ ਮਿਤੱਰਤਾ ਰੱਖਣੀ ਜਾਇਜ਼ ਹੈ ?

ਉਤੱਰ : ਹਰਾਮ ਹੈ ।"

ਇਸੇ ਪ੍ਰਕਾਰ ਇਹੋ ਮੌਲਾਨਾ ਮੁਹਮੱਦ ਯੂਸਫ਼ ਸਾਹਬ ਲੁਧਿਆਨਵੀ ਆਪਣੀ ਕਿਤਾਬ 'ਕਾਦੀਆਨੀ ਜਨਾਜ਼ਹ' ਵਿੱਚ ਲਿੱਖਦੇ ਹਨ ਕਿ "ਫ਼ਿਕਹ ਦੇ ਇਮਾਮਾ ਨੇ ਮੁਸਲਿਮ ਤੇ ਕਾਫ਼ਰ ਵਿੱਚ ਇੱਥੋਂ ਤੱਕ ਅੰਤਰ ਕੀਤਾ ਹੈ ਕਿ ਜੇਕਰ ਕਿਸੇ ਕਾਫ਼ਰ ਦਾ ਘਰ ਮੁਸਲਿਮ ਮੁਹੱਲੇ ਵਿੱਚ ਹੋਵੇ ਤਾਂ ਉੱਥੇ ਨਿਸ਼ਾਨ ਲਾ ਦੇਣਾ ਚਾਹੀਦਾ ਹੈ ਤਾਂ ਜੋ ਕੋਈ ਮੁਸਲਿਮ ਗਲਤੀ ਨਾਲ ਉੱਥੇ ਖੜੇ ਹੋਕੇ ਦੁਆ ਸਲਾਮ ਨ ਕਰੇ ।" (ਕਾਦੀਆਨੀ ਜਨਾਜ਼ਹ)

ਉਪਰੋਕਤ ਹਵਾਲਿਆਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪਾਕਿਸਤਾਨ ਦੇ ਧਾਰਮਕ ਇੰਤਹਾ ਪਸੰਦਾਂ ਨੇ ਨਫ਼ਰਤ ਫੈਲਾਉਣ ਦਾ ਅਰੰਭ ਤਾਂ ਕਾਦੀਆਨੀ ਫਿਰਕੇ ਨਾਲ ਕੀਤਾ ਹੈ ਪਰ ਨਾਲ ਹੀ ਹੋਰਨਾ ਗ਼ੈਰ ਮੁਸਲਿਮਾਂ ਨੂੰ ਵੀ ਇਸ ਵਿੱਚ ਘਸੀਟਿਆ ਹੈ । ਪਾਕਿਸਤਾਨ ਦਾ ਇਤਿਹਾਸ ਵੀ ਸਾਨੂੰ ਇਹੋ ਦਸਦਾ ਹੈ ਕਿ ਉੱਥੇ ਧਾਰਮਕ ਜਨੂਨੀਆਂ ਨੇ ਇੰਤਹਾ ਪਸੰਦੀ ਦਾ ਅਰੰਭ ਕਾਦੀਆਨੀ ਫ਼ਿਰਕੇ ਨਾਲ ਕੀਤਾ ਸੀ ਫਿਰ ਹੌਲੀ ਹੌਲੀ ਇਸਦੀ ਲਪੇਟ ਵਿੱਚ ਦੂਜੇ ਫ਼ਿਰਕੇ ਵੀ ਆ ਗਏ । ਜਿਸ ਕਰਕੇ ਅੱਜ ਪਾਕਿਸਤਾਨ ਵਿੱਚ ਨ ਤਾਂ ਸ਼ੀਆ

ਫ਼ਿਰਕੇ ਦੀਆਂ ਯਾਦਗਾਰਾਂ ਸੁਰੱਖਿਅਤ ਹਨ ਅਤੇ ਨ ਹੀ ਬਰੇਲਵੀ ਫਿਰਕੇ ਦੀਆਂ ਮਿਜ਼ਾਰਾਂ ਸੁਰੱਖਿਅਤ ਹਨ । ਫਿਰ ਸ਼ੀਆ ਤੇ ਬਰੇਲਵੀ ਦੀਆਂ ਤਲਵਾਰਾਂ ਤੋਂ ਉੱਥੋਂ ਦਾ ਦੇਵਬੰਦੀ ਤੇ ਵਹਾਬੀ ਫਿਰਕਾ ਸੁਰੱਖਿਅਤ ਨਹੀਂ । ਕਿਉਂਕਿ ਹੁਣੇ ਅਸੀਂ ਪਾਕਿਸਤਾਨ ਤੋਂ ਪ੍ਰਕਾਸ਼ਤ ਹੋਣ ਵਾਲੀ ਕਿਤਾਬ ਕਾਦੀਆਨੀ ਮਸਾਇਲ ਦਾ ਵਰਨਣ ਕੀਤਾ ਹੈ ਜਿਸਨੂੰ ਮਗਰੋਂ ਦਾਰੁਲ ਉਲੂਮ ਦੇਵਬੰਦ ਭਾਰਤ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ ਇਸ ਕਿਤਾਬ ਦੇ ਲੇਖਕ ਦਾ ਨਾਂ ਮੌਲਾਨਾ ਮੁਹਮੱਦ ਯੂਸਫ਼ ਲੁਧਿਆਨਵੀ ਹੈ । ਇਹ ਲੁਧਿਆਨਵੀ ਸਾਹਬ ਜੋ ਫ਼ਿਰਕਾ ਦੇਵਬੰਦੀ ਨਾਲ ਸੰਬੰਧ ਰੱਖਦੇ ਹਨ ਉਹਨਾਂ ਨੂੰ ਕਿਸੇ ਮੁਖ਼ਾਲਫ਼ ਫਿਰਕੇ ਦੇ ਵਿਅਕਤੀ ਨੇ ਪਾਕਿਸਤਾਨ ਵਿੱਚ ਭਰੇ ਬਜ਼ਾਰ ਵਿੱਚ ਗੋਲੀਆਂ ਚਲਾਕੇ ਕਤਲ ਕਰ ਦਿੱਤਾ । ਇਹੋ ਕਾਰਨ ਹੈ ਕਿ ਅੱਜ ਪਾਕਿਸਤਾਨ ਵਿੱਚ ਜੋ ਅਵਸਥਾ ਬਣੀ ਹੋਈ ਹੈ ਉਹ ਅਤਿਅੰਤ ਖ਼ੌਫ਼ਨਾਕ ਹੈ ।

ਇਸ ਲੇਖ ਰਾਹੀਂ ਅਸੀਂ ਭਾਰਤ ਦੇ ਸੈਕੁਲਰ ਅਤੇ ਅਮਨ ਪਸੰਦ ਲੋਕਾਂ ਨੂੰ ਵਿਸ਼ੇਸ਼ ਕਰਕੇ ਹਾਕਮਾਂ ਨੂੰ ਅਪੀਲ ਕਰਨਾ ਚਾਹੁੰਦੇ ਹਾਂ ਕਿ ਇਸ ਸਮੇਂ ਭਾਰਤ ਵਿੱਚ ਅਹਮਦੀਆ ਜਮਾਤ ਦੇ ਖ਼ਿਲਾਫ਼ ਫ਼ੈਲਾਈ ਜਾਣ ਵਾਲੀ ਨਫ਼ਰਤ ਨੂੰ ਕੇਵਲ ਇਕ ਘੱਟ ਗਿਣਤੀ ਵਾਲੇ ਅਤੇ ਅਣਪਛਾਤੇ ਫ਼ਿਰਕੇ ਦੀ ਔਕੜ ਸਮਝ ਕੇ ਇਸਨੂੰ ਅੱਖੋਂ ਓਹਲੇ ਨ ਕੀਤਾ ਜਾਏ । ਇਹ ਇਕ ਵੱਡੀ ਡੂੰਘੀ ਸਾਜ਼ਸ਼ ਹੈ, ਜਿਸ ਰਾਹੀਂ ਇਸ ਫਿਰਕੇ ਦੇ ਮੋਢਿਆਂ ਉਪੱਰ ਬੰਦੂਕ ਰੱਖਕੇ ਭਾਰਤ ਦੇ ਅਮਨ ਨੂੰ ਭੰਗ ਕਰਨ ਦੀ ਵਿਉਂਤ ਬਣਾਈ ਜਾ ਰਹੀ ਹੈ ।

ਉਹਨਾਂ ਦੀ ਦ੍ਰਿਸ਼ਟੀ ਵਿੱਚ ਕਿਉਂਕਿ ਕਾਦੀਆਨੀ ਮਸਲਾ ਇਕ ਅਜਿਹਾ ਮਸਲਾ ਹੈ ਜਿਸ ਕਰਕੇ ਹੋਰਨਾ ਫਿਰਕਿਆਂ ਦੇ ਲੋਕਾਂ ਨੂੰ ਇਕਤੱਰ ਕੀਤਾ ਜਾ ਸਕਦਾ ਹੈ ਅਤੇ ਇਸ ਮਸਲੇ ਬਾਰੇ ਇਹ ਸੋਚਿਆ ਜਾ ਸਕਦਾ ਹੈ ਕਿ ਇਸ ਜਮਾਤ ਨੂੰ ਨਿਸ਼ਾਨਾ ਬਣਾ ਕੇ ਅਗਲੇ ਖ਼ੌਫ਼ਨਾਕ ਕਦਮ ਸੌਖੇ ਚੁੱਕੇ ਜਾ ਸਕਦੇ ਹਨ । ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਅਮਨ ਅਮਾਨ ਕਾਇਮ ਕਰਨ ਵਾਲੇ ਅਦਾਰੇ ਅਤੇ ਹਕੂਮਤੀ ਪਧੱਰ ਦੀਆਂ ਇੰਟੈਲੀਜੈਂਸ ਅਜੰਸੀਆਂ ਇਸਨੂੰ ਮੁਸਲਿਮ ਫ਼ਿਰਕਿਆਂ ਦਾ ਆਪਸ ਵਿੱਚ ਮਤਿਭੇਦ ਸਮਝ ਕੇ ਇਸ ਨੂੰ ਮਹਤੱਾ ਨ ਦੇਣ ਅਤੇ ਫਿਰ ਇਸ ਦੀ ਆੜ ਵਿੱਚ ਦੇਸ਼ ਨੂੰ ਹਾਣ ਪਹੁੰਚਾਉਣ ਦੇ ਭੈੜੇ ਮਨਸੂਬਿਆਂ ਨੂੰ ਸਿਰੇ ਚੜ੍ਹਾਉਣਾ ਸੌਖਾ ਹਵੇਗਾ । ਜਮਾਤ ਨਾਲ ਇਸ ਮਸਲੇ ਦਾ ਅਰੰਭ ਤਾਂ

ਕੇਵਲ ਇਸ ਪ੍ਰਕਾਰ ਹੈ ਜਿਵੇਂ ਮਦਾਰੀ ਵਾਲਾ ਤਮਾਸ਼ਬੀਨਾਂ ਨੂੰ ਇਕੱਠਿਆਂ ਕਰਨ ਲਈ ਅਰੰਭ ਵਿੱਚ ਡੁਗਡੁਗੀ ਵਜਾਉਂਦਾ ਹੈ ਅਸਲ ਖੇਡ ਤਾਂ ਮਗਰੋਂ ਅਰੰਭ ਹੁੰਦਾ ਹੈ । ਇਸ ਲਈ ਇਸ ਗੱਲ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਣ ਦੀ ਲੋੜ ਹੈ ਕਿਉਂਕਿ ਜੇਕਰ ਅਸੀਂ ਢਿੱਲ ਦਿੱਤੀ ਅਤੇ ਉਹਨਾਂ ਐਜੰਸੀਆਂ ਵਾਂਗ ਧਿਆਨ ਨ ਦਿੱਤਾ ਤਾਂ ਭਵਿੱਖ ਵਿੱਚ ਆਉਣ ਵਾਲੇ ਦਿਨਾਂ ਵਿੱਚ ਕੇਵਲ ਜਮਾਤ ਲਈ ਖ਼ਤਰਾ ਨਹੀਂ ਸਗੋਂ ਭਾਰਤ ਦੇ ਹੋਰਨਾ ਧਰਮਾਂ ਨੂੰ ਵੀ ਇਸ ਨਫ਼ਰਤ ਦਾ ਸ਼ਿਕਾਰ ਹੋਣ ਲਈ ਤਿਆਰ ਰਹਿਣਾ ਚਾਹੀਦਾ ਹੈ । ਇਸ ਲਈ ਪਾਕਿਸਤਾਨ ਦੀ ਧਾਰਮਕ ਇੰਤਹਾ ਪਸੰਦੀ ਸਾਡੇ ਸਾਹਮਣੇ ਹੈ । ਇਸ ਲਈ ਅਸੀਂ ਦਿਲ ਦੀ ਡੂੰਘਿਆਈ ਨਾਲ ਇਹ ਗੱਲ ਭਾਰਤ ਦੇ ਉੱਚ ਅਧਿਕਾਰੀਆਂ, ਅਮਨ ਅਮਾਨ ਕਾਇਮ ਕਰਨ ਵਾਲੇ ਅਦਾਰਿਆਂ ਅਤੇ ਇੰਟੈਲੀਜੰਸ ਅਜੰਸੀਆਂ ਦੇ ਕੰਨ੍ਹੀਂ ਕਢੱਣਾ ਚਾਹੁੰਦੇ ਹਾਂ । ਸਾਨੂੰ ਜਮਾਤ ਦੇ ਅਕੀਦਿਆਂ ਨਾਲ ਅਤੇ ਜਮਾਤ ਤੇ ਹੋਰਨਾ ਮੁਸਲਮਾਨਾਂ ਵਿਚਕਾਰ ਮਤਿਭੇਦ ਨਾਲ ਕੋਈ ਸਰੋਕਾਰ ਨਹੀਂ । ਅਸੀਂ ਤਾਂ ਇਸ ਸਮੇਂ ਕੇਵਲ ਇਹ ਆਖਣਾ ਚਾਹੁੰਦੇ ਹਾਂ ਕਿ ਇਸ ਦ੍ਰਿਸ਼ਟੀਕੋਣ ਨਾਲ ਸੋਚਣ ਦੀ ਲੋੜ ਹੈ । ਸਾਨੂੰ ਇਕ ਸਾਜ਼ਸ਼ ਹੇਠ ਪੂਰੇ ਭਾਰਤ ਵਿੱਚ ਕਾਦੀਆਨੀ ਨਫ਼ਰਤ ਦੀ ਮੁਹਿਮ ਚਲਾਕੇ ਸਾਡਾ ਦੁਸ਼ਮਨ ਆਪਣੇ ਅਸਲ ਇਰਾਦਿਆਂ ਵਿੱਚ ਸਫ਼ਲ ਤਾਂ ਨਹੀਂ ਹੋਣਾ ਚਾਹੁੰਦਾ ਅਤੇ ਅੱਜ ਦੇ ਇਸ ਅੰਤਰ ਰਾਸ਼ਟਰੀ ਦ੍ਰਿਸ਼ ਵਿੱਚ ਜੱਦ ਕਿ ਅਮਰੀਕਾ ਨੇ ਆਪਣੇ ਦੁਸ਼ਮਨ ਉਸਾਮਾ ਨੂੰ ਮਾਰ ਮੁਕਾਇਆ ਹੈ ਇਸ ਗੱਲ ਉਪੱਰ ਬਹੁਤ ਗ਼ੌਰ ਕਰਨ ਦੀ ਲੋੜ ਹੈ ।

ਇਸ ਸਮੇਂ ਅਸੀਂ ਇਹ ਵੀ ਲਿੱਖਣਾ ਚਾਹੁੰਦੇ ਹਾਂ ਕਿ ਤਾਲਿਬਾਨ ਤੇ ਅਲਕਾਇਦਾ ਨਾਲ ਸੰਬੰਧ ਰੱਖਣ ਵਾਲੇ ਮੁਸਲਮਾਨਾਂ ਨੂੰ ਜਿਹਾਦ ਲਈ ਉਕਸਾਉਣਾ ਅਤੇ ਗ਼ੈਰ ਮੁਸਲਿਮਾਂ ਅਤੇ ਗ਼ੈਰ ਮੁਸਲਿਮ ਹਕੂਮਤਾਂ ਦੇ ਖ਼ਿਲਾਫ਼ ਨਫ਼ਰਤ ਪੈਦਾ ਕਰਨਾ ਕੋਈ ਔਖਾ ਕੰਮ ਨਹੀਂ । ਕਿਉਂਕਿ ਇਹਨਾਂ ਦੀਆਂ ਕਿਤਾਬਾਂ ਵਿੱਚ ਅਜੇਹੀ ਸਿੱਖਿਆਵਾਂ ਦੀ ਕੋਈ ਘਾਟ ਨਹੀਂ ਹੈ । ਫਿਰ ਜੱਦ ਭਾਰਤ ਦੇ ਭੋਲੇ ਭਾਲੇ ਮੁਸਲਮਾਨ ਧਰਮ ਦੇ ਨਾਂ ਤੇ ਹੌਲੀ ਹੌਲੀ ਇਹਨਾਂ ਜਨੂਨੀਆਂ ਦੇ ਜਾਲ ਵਿੱਚ ਫਸ ਗਏ ਤਾਂ ਫਿਰ ਰੱਬ ਨ ਕਰੇ ਕਿ ਅਸੀਂ ਪੂਰੇ ਭਾਰਤ ਵਿੱਚ ਉਹੋ ਕਤਲੋ ਗ਼ਾਰਤ ਤੇ ਹਾਦਸਿਆਂ ਦੀਆਂ ਖ਼ਬਰਾਂ ਪੜ੍ਹੀਏ ਜਿਵੇਂ ਕਿ ਹੁਣ ਪਾਕਿਸਤਾਨ ਦੇ ਹਵਾਲੇ ਨਾਲ ਪੜ੍ਹੀਆਂ ਜਾਂਦੀਆਂ ਹਨ । ਰੱਬ ਨ ਕਰੇ ਭਾਰਤ ਦੇ ਸ਼ਹਿਰਾਂ ਵਿੱਚੋਂ

ਵੀ ਉਹੋ ਜਿਹੇ ਬੰਬ ਧਮਾਕਿਆਂ ਦੀਆਂ ਅਵਾਜ਼ਾਂ ਆਉਣ ਲਗੱਣ ਜੋ ਹੁਣ ਲਹੌਰ ਤੇ ਕਰਾਚੀ ਵਿੱਚ ਆਏ ਦਿਨ ਸੁਣਦੇ ਹਾਂ ।

ਇਹ ਗੱਲ ਤਾਂ ਸਪਸ਼ਟ ਹੈ ਕਿ ਇਹਨਾਂ ਧਾਰਮਕ ਜਨੂਨੀਆਂ ਦਾ ਨਿਸ਼ਾਨਾ ਨਫ਼ਰਤ ਦੀ ਮੁਹਿਮ ਫ਼ੈਲਾਕੇ ਆਪ ਘੜੇ ਇਸਲਾਮ ਨੂੰ ਫਿਰ ਆਪਣੀ ਹਕੂਮਤ ਨੂੰ ਪੂਰੀ ਦੁਨੀਆ ਵਿੱਚ ਗ਼ਾਲਬ ਕਰਨਾ ਹੈ ਅਤੇ ਇਸੇ ਲਈ ਹੀ ਇਹ ਦਿਨ ਰਾਤ ਕੰਮ ਕਰ ਰਹੇ ਹਨ ਅਤੇ ਧਰਮ ਦੇ ਨਾਂ ਤੇ ਨਫ਼ਰਤ ਫ਼ੈਲਾਉਣ ਵਾਲੇ ਸਾਰੇ ਲੋਕ ਇਹਨਾਂ ਹੀ ਲੋਕਾਂ ਦੇ ਕਲਪੁਰਜ਼ੇ ਹਨ ।

ਇਸ ਲਈ ਸਮਾਂ ਰਹਿੰਦੇ ਜ਼ਰੂਰੀ ਹੈ ਕਿ ਇਸ ਖ਼ਤਰੇ ਨੂੰ ਤਾੜਿਆ ਤੇ ਪਰਖਿਆ ਜਾਏ ਅਤੇ ਵੋਟਾਂ ਤੇ ਪਾਰਟੀ ਬਾਜ਼ੀ ਦੀ ਸਿਆਸਤ (ਰਾਜਨੀਤੀ) ਤੋਂ ਉਪੱਰ ਉਠ ਕੇ ਆਉਣ ਵਾਲੇ ਖੌਫ਼ਨਾਕ ਦਿਨਾਂ ਤੋਂ ਪਹਿਲਾਂ ਹੀ ਆਪਣੇ ਪਿਆਰੇ ਵਤਨ ਭਾਰਤ ਨੂੰ ਬਚਾਉਣ ਦੀ ਚਿੰਤਾ ਕੀਤੀ ਜਾਏ ।